ਪੰਜਾਬ ਸਰਕਾਰ
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ
(ਚੋਣ ਸ਼ਾਖਾ)

ਸੇਵਾ ਵਿਖੇ

ਰਾਜ ਦੇ ਸਮੂਹ,
ਡਿਪਟੀ ਕਮਿਸ਼ਨਰ ਸਾਹਿਬਾਨ।

ਯਾਦ ਪੱਤਰ ਨੰ. ਡੀ.ਪੀ.ਈ-1/2008/48143-62
ਚੰਡੀਗੜ੍ਹ, ਮਿਤੀ 19-11-2008.

ਵਿਸ਼ਾ - ਗਰਾਮ ਪੰਚਾਇਤਾਂ ਦੇ ਸਰਪੰਚਾਂ ਦੀ ਚੋਣ ਸਬੰਧੀ।

***********

ਉਪਰੋਕਤ ਵਿਸ਼ੇ ਸਬੰਧੀ ਇਸ ਦਫਤਰ ਦੇ ਪੱਤਰ ਨੰ: ਡੀ.ਪੀ.ਈ.-1/08/43967, ਮਿਤੀ 31-10-08 ਦੇ ਹਵਾਲੇ ਵਿੱਚ।

ਹਵਾਲਾ ਅਧੀਨ ਪੱਤਰ ਰਾਹੀਂ ਆਪ ਨੂੰ ਰਹਿੰਦੀਆਂ ਗਰਾਮ ਪੰਚਾਇਤਾਂ ਦੇ ਸਰਪੰਚਾਂ ਦੀ ਚੋਣ ਕਰਾਉਣ ਲਈ ਲਿਖਿਆ ਗਿਆ ਸੀ। ਪ੍ਰੰਤੂ ਪਤਾ ਲੱਗਿਆ ਹੈ ਕਿ ਜਿੱਥੇ 2/3 ਪੰਚਾਂ ਦੀ ਚੋਣ ਹੋ ਚੁੱਕੀ ਹੈ ਉੱਥੇ ਅਜੇ ਵੀ ਕਈ ਗਰਾਮ ਪੰਚਾਇਤਾਂ ਦੇ ਸਰਪੰਚਾਂ ਦੀ ਚੋਣ ਨਹੀਂ ਹੋ ਸਕੀ।

ਇਸ ਪੱਤਰ ਰਾਹੀਂ ਦੁਬਾਰਾ ਸਪਸ਼ਟ ਕੀਤਾ ਜਾਂਦਾ ਹੈ ਕਿ ਜਿਨ੍ਹਾਂ ਗਰਾਮ ਪੰਚਾਇਤਾਂ ਵਿਚ ਪੰਚਾਂ ਦੀਆਂ ਅਸਾਮੀਆਂ ਖਾਲੀ ਰਹਿ ਗਈਆਂ ਹਨ, ਪਰ ਉਨ੍ਹਾਂ ਗਰਾਮ ਪੰਚਾਇਤਾਂ ਵਿੱਚ ਚੁਣੇ ਪੰਚਾਂ ਦੀ ਗਿਣਤੀ 2/3 ਬਣਦੀ ਹੈ । (ਉਦਾਹਰਣ ਵਜੋਂ ਜਿੱਥੇ ਕੁਲ ਸੀਟਾ 5 ਹਨ ਉਨ੍ਹਾਂ ਵਿੱਚੋਂ ਜੇਕਰ 3 ਪੰਚ ਚੁਣੇ ਜਾ ਚੁੱਕੇ ਹਨ ਤਾਂ ਉੱਥੇ ਸਰਪੰਚ ਦੀ ਚੋਣ ਹੋ ਸਕਦੀ ਹੈ) ਉੱਥੇ ਮਿਤੀ 31.10.2008 ਦੀਆਂ ਹਦਾਇਤਾਂ ਮੁਤਾਬਕ ਸਰਪੰਚ ਦੀ ਚੋਣ ਛੇਤੀ ਤੋਂ ਛੇਤੀ ਕਰਵਾ ਕੇ ਵਿਭਾਗ ਨੂੰ ਚੁਣੇ ਗਏ ਸਰਪੰਚਾਂ ਦੇ ਨਾਵਾਂ ਸਬੰਧੀ ਨੋਟੀਫਿਕੇਸ਼ਨ ਕਰਨ ਲਈ ਤੁਰੰਤ ਭੇਜੀ ਜਾਵੇ।

ਨੱਥੀ (31.10.2008 ਦੀਆਂ ਹਦਾਇਤਾਂ)

ਸਕੱਤਰ ਪੰਜਾਬ ਸਰਕਾਰ
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ।